# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਿਤ)

## ਦਾਖ਼ਲਾ ਨੋਟਿਸ

## IELTS/TOEFL/SPOKEN ENGLISH
## ਅਤੇ
## ਪੀ.ਸੀ.ਐਸ. ਜੂਡੀਸ਼ੀਅਲ ਕੋਚਿੰਗ ਕਲਾਸਾਂ ਲਈ

ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ **IELTS/TOEFL/SPOKEN ENGLISH** ਅਤੇ ਪੀ.ਸੀ.ਐਸ. ਜੂਡੀਸ਼ੀਅਲ ਦੀਆਂ ਕੋਚਿੰਗ ਕਲਾਸਾਂ ਸੁਰੂ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

| ਕ੍ਰਮਾਂਕ | ਕੋਰਸ ਦਾ ਨਾਮ | ਫਾਰਮ ਭੇਜਣ ਦੀ ਆਖ਼ਰੀ ਮਿਤੀ | ਇੰਟਰਵਿਊ ਦੀ ਮਿਤੀ/ਸਮਾਂ | ਫਾਰਮ ਭੇਜਣ/ਇੰਟਰਵਿਊ ਸਥਾਨ |
|---|---|---|---|---|
| 01 | IELTS/TOEFL/SPOKEN ENGLISH | 29-01-2018 | 30-01-2018 ਸਵੇਰੇ 10:30 ਵਜੇ | ਆਈ.ਏ.ਐਸ. ਟ੍ਰੇਨਿੰਗ ਸੈਂਟਰ |
| 02 | ਪੀ.ਸੀ.ਐਸ. (ਜੂਡੀਸ਼ੀਅਲ) | 07-02-2018 | 08-02-2018 ਸਵੇਰੇ 10:30 ਵਜੇ | ਆਈ.ਏ.ਐਸ. ਟ੍ਰੇਨਿੰਗ ਸੈਂਟਰ ਅਤੇ ਕਾਨੂੰਨ ਵਿਭਾਗ, ਰੀਜ਼ਨਲ ਸੈਂਟਰ ਬਠਿੰਡਾ |

ਉਕਤ ਕੋਰਸਾਂ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ **IELTS/TOEFL/SPOKEN ENGLISH** ਦੀਆਂ ਕਲਾਸਾਂ ਕੇਵਲ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਆਈ.ਏ.ਐਸ. ਟ੍ਰੇਨਿੰਗ ਸੈਂਟਰ ਵਿਖੇ ਹੀ ਚੱਲਣੀਆਂ ਹਨ। ਪੀ.ਸੀ.ਐਸ. (ਜੂਡੀਸ਼ੀਅਲ) ਕੋਰਸ ਦੀਆਂ ਕੋਚਿੰਗ ਕਲਾਸਾਂ ਆਈ.ਏ.ਐਸ. ਟ੍ਰੇਨਿੰਗ ਸੈਂਟਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਲ-ਨਾਲ ਕਾਨੂੰਨ ਵਿਭਾਗ, ਰੀਜ਼ਨਲ ਸੈਂਟਰ, ਬਠਿੰਡਾ ਵਿਖੇ ਵੀ ਲੱਗਣਗੀਆਂ। **IELTS/TOEFL/SPOKEN ENGLISH** ਕੋਰਸਾਂ ਦੀ ਅਵਧੀ ਇੱਕ ਤੋਂ ਦੋ ਮਹੀਨੇ ਅਤੇ ਪੀ.ਸੀ.ਐਸ. ਜੂਡੀਸ਼ੀਅਲ ਕੋਰਸ ਦੀ ਅਵਧੀ ਤਿੰਨ ਮਹੀਨੇ ਦੇ ਲਗਭਗ ਹੋਵੇਗੀ।

ਪੀ.ਸੀ.ਐਸ. (ਜੂਡੀਸ਼ੀਅਲ) ਕੋਰਸ ਦੀਆਂ ਕੋਚਿੰਗ ਕਲਾਸਾਂ ਲਈ ਜਿਨ੍ਹਾਂ ਵਿਦਿਆਰਥੀਆਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਆਈ.ਏ.ਐਸ. ਟ੍ਰੇਨਿੰਗ ਸੈਂਟਰ ਲਈ ਅਪਲਾਈ ਕੀਤਾ ਹੈ ਉਨ੍ਹਾਂ ਦੀ ਇੰਟਰਵਿਊ ਨਿਰਧਾਰਤ ਮਿਤੀ ਨੂੰ ਆਈ.ਏ.ਐਸ. ਟ੍ਰੇਨਿੰਗ ਸੈਂਟਰ ਦੇ ਦਫ਼ਤਰ ਵਿਖੇ ਹੋਵੇਗੀ ਅਤੇ ਜਿਨ੍ਹਾਂ ਵਿਦਿਆਰਥੀਆਂ ਨੇ ਕਾਨੂੰਨ ਵਿਭਾਗ, ਰੀਜ਼ਨਲ ਸੈਂਟਰ ਬਠਿੰਡਾ ਲਈ ਅਪਲਾਈ ਕੀਤਾ ਹੈ ਉਨ੍ਹਾਂ ਦੀ ਇੰਟਰਵਿਊ ਨਿਰਧਾਰਤ ਮਿਤੀ/ਸਮੇਂ ਅਨੁਸਾਰ ਰੀਜ਼ਨਲ ਸੈਂਟਰ ਬਠਿੰਡਾ ਵਿਖੇ ਹੋਵੇਗੀ। ਹੋਰ ਵਧੇਰੇ ਜਾਣਕਾਰੀ ਲੈਣ ਲਈ ਵਿਦਿਆਰਥੀ ਵਿਭਾਗ ਦੇ ਫ਼ੋਨ ਨੰਬਰਾਂ – 0175-3046351, 3046352 ਅਤੇ 0164-5007210 ਤੇ ਸੰਪਰਕ ਕਰਨ।

ਵਿਸ਼ੇਸ਼ ਨੋਟ :- **IELTS/TOEFL/SPOKEN ENGLISH** ਕੋਰਸਾਂ ਦੀਆਂ ਕਲਾਸਾਂ ਵਿਦਿਆਰਥੀਆਂ ਦੀ ਸੁਵਿਧਾ ਅਨੁਸਾਰ ਸਵੇਰੇ ਅਤੇ ਸ਼ਾਮ ਨੂੰ ਚਲੱਣਗੀਆਂ।

**ਡੀਨ, ਅਕਾਦਮਿਕ ਮਾਮਲੇ**